# ਵਧਦੀ ਅਬਾਦੀ ਦੀ ਸਮੱਸਿਆ

ਅੱਜ ਸੰਸਾਰ ਵਿੱਚ ਨਸ਼ਾ ਖੋਰੀ, ਪ੍ਰਮਾਣੂ ਹਥਿਆਰ ਅਤੇ ਵਧ ਰਹੀ ਅਬਾਦੀ ਮੁੱਖ ਸਮੱਸਿਆਵਾਂ ਹਨ। ਸਾਡਾ ਦੇਸ਼ ਬਹੁਤ ਸਾਰੀਆਂ ਸਮੱਸਿਆਵਾਂ ਵਿੱਚ ਘਿਰਿਆ ਹੋਇਆ ਹੈ। ਅੰਨ ਸੰਕਟ, ਆਰਥਿਕ ਸਮੱਸਿਆ, ਬੇਰੁਜ਼ਗਾਰੀ ਦੀ ਸਮੱਸਿਆ, ਭ੍ਰਿਸ਼ਟਾਚਾਰ, ਧਾਰਮਿਕ ਕੱਟੜਤਾ, ਦੰਗੇ ਅਤੇ ਨਕਲ ਮਾਰਨ ਦੀ ਸਮੱਸਿਆ ਆਦਿ। ਇਹਨਾਂ ਸਾਰੀਆਂ ਸਮੱਸਿਆਵਾਂ ਤੇ ਤਾਂ ਕਾਬੂ ਪਾਇਆ ਜਾ ਸਕੇਗਾ ਪਰ ਵਧਦੀ ਅਬਾਦੀ ਦੀ ਸਮੱਸਿਆ ਦਿਨੋਂ ਦਿਨ ਵਿਕਰਾਲ ਰੂਪ ਧਾਰਨ ਕਰਦੀ ਜਾ ਰਹੀ ਹੈ।

ਭਾਰਤ ਦੀ ਅਬਾਦੀ 1 ਅਰਬ, 36 ਕਰੋੜ ਤੋਂ ਵਧ ਚੁੱਕੀ ਹੈ। ਘਣਤਾ ਪੱਖੋਂ ਇਹ ਸੰਸਾਰ ਦੇ ਸਾਰੇ ਮੁਲਕਾਂ ਤੋਂ ਵੱਧ ਹੈ। ਇੰਨੀ ਵੱਡੀ ਅਬਾਦੀ ਲਈ ਕਰੋੜਾਂ ਮਕਾਨ, ਲੱਖਾਂ ਸਕੂਲ, ਕਰੋੜਾਂ ਟਨ ਅਨਾਜ, ਸਾਫ਼ ਪਾਣੀ ਅਤੇ ਪ੍ਰਦੂਸ਼ਣ ਰਹਿਤ ਵਾਤਾਵਰਨ ਮਿਲਣਾ ਮੁਸ਼ਕਲ ਹੋ ਗਿਆ ਹੈ।

ਪੰਜਾਬ ਵਿੱਚ ਅਬਾਦੀ ਦੇ ਵਧਣ ਦਾ ਮੁੱਖ ਕਾਰਨ ਇੱਥੋਂ ਲੋਕਾਂ ਦਾ ਸੁਚੇਤ ਨਾ ਹੋਣਾ ਅਤੇ ਦੂਜੇ ਰਾਜਾਂ ਤੋਂ ਮਜ਼ਦੂਰਾਂ ਦਾ ਰੋਜ਼ੀ ਰੋਟੀ ਦੀ ਭਾਲ਼ ਵਿੱਚ ਇੱਥੇ ਆ ਕੇ ਵਸਣਾ। ਪੰਜਾਬ ਖੇਤੀ ਪ੍ਰਧਾਨ ਪ੍ਰਾਂਤ ਹੈ, ਇਸੇ ਕਰਕੇ ਇੱਥੇ ਅਬਾਦੀ ਸੰਘਣੀ ਹੋ ਰਹੀ ਹੈ।

ਵਧਦੀ ਅਬਾਦੀ ਅਨੇਕਾਂ ਸਮੱਸਿਆਵਾਂ ਨੂੰ ਜਨਮ ਦਿੰਦੀ ਹੈ। ਕੁਦਰਤ ਵੱਲੋਂ ਮਿਲਦੀਆਂ ਮੁੱਖ ਸਹੂਲਤਾਂ ਦੀ ਕਮੀ ਹੋ ਜਾਂਦੀ ਹੈ। ਲੋਕਾਂ ਦੀ ਭੀੜ ਬਸਤੀਆਂ ਵਿੱਚ ਰਹਿੰਦੀ ਹੈ ਜਿਸ ਨਾਲ ਜੀਵਨ ਪੱਧਰ ਨੀਵਾਂ ਹੋ ਜਾਂਦਾ ਹੈ। ਸਾਰੇ ਲੋਕਾਂ ਨੂੰ ਰੁਜ਼ਗਾਰ ਨਹੀਂ ਮਿਲਦਾ, ਜਿਸ ਕਾਰਨ ਰੋਜ਼ੀ-ਰੋਟੀ ਦੀ ਸਮੱਸਿਆ ਪੈਦਾ ਹੋ ਜਾਂਦੀ ਹੈ। ਵਿਹਲੇ ਅਤੇ ਭੁੱਖੇ ਲੋਕ ਲੜਾਈ ਝਗੜੇ ਕਰਦੇ ਹਨ। ਉਹ

ਆਪਣੇ ਬੱਚਿਆਂ ਦੀ ਸਿਹਤ ਅਤੇ ਪੜ੍ਹਾਈ ਵੱਲ ਧਿਆਨ ਨਹੀਂ ਦਿੰਦੇ। ਗ਼ਰੀਬੀ ਕਾਰਨ ਕੁਪੋਸ਼ਣ ਦਾ ਸ਼ਿਕਾਰ ਹੋ ਜਾਂਦੇ ਹਨ। ਸਮੇਂ ਸਿਰ ਬਿਮਾਰੀਆਂ ਦਾ ਇਲਾਜ ਨਹੀਂ ਕਰਵਾ ਸਕਦੇ ਜਿਸ ਕਾਰਨ ਮਹਾਂਮਾਰੀ ਫ਼ੈਲਣ ਦਾ ਵੀ ਡਰ ਬਣਿਆ ਰਹਿੰਦਾ ਹੈ।

ਕੁਦਰਤੀ ਸਾਧਨਾ ਦੀ ਘਾਟ ਹੋਣ ਨਾਲ ਮਨੁੱਖ ਬੁਨਿਆਦੀ ਸਹੂਲਤਾਂ ਤੋਂ ਵਾਂਝਾ ਹੋ ਜਾਂਦਾ ਹੈ। ਵੱਡੇ ਪਰਿਵਾਰਾਂ ਵਿੱਚ ਸਭ ਨੂੰ ਹਰ ਤਰ੍ਹਾਂ ਦੇ ਮੌਕੇ ਨਹੀਂ ਮਿਲਦੇ। ਸ਼ੁੱਧ ਪਾਣੀ, ਸਾਫ਼ ਵਾਤਾਵਰਨ, ਪੂਰੀ ਖ਼ੁਰਾਕ ਨਹੀਂ ਮਿਲਦੀ।

ਭਾਰਤ ਇੱਕ ਲੋਕ-ਰਾਜੀ ਦੇਸ਼ ਹੈ, ਇੱਥੇ ਅਬਾਦੀ ਦੇ ਵਾਧੇ ਨੂੰ ਰੋਕਣ ਲਈ ਪਬੰਦੀ ਨਹੀਂ ਲਾਈ ਜਾ ਸਕਦੀ ਪਰ ਵੱਖ ਵੱਖ ਪ੍ਰਚਾਰ ਦੇ ਸਾਧਨਾਂ ਰਾਹੀਂ ਲੋਕਾਂ ਨੂੰ ਜਾਗ੍ਰਿਤ ਕੀਤਾ ਜਾਣਾ ਚਾਹੀਦਾ ਹੈ। ਸਰਕਾਰੀ ਅਧਿਕਾਰੀਆ, ਸਰਪੰਚਾਂ, ਪੰਚਾਂ ਨੂੰ ਆਪਣੇ-ਆਪਣੇ ਹਲਕੇ, ਪਿੰਡਾਂ ਤੇ ਗਲੀ ਮੁਹੱਲਿਆਂ ਵਿੱਚ ਜਾ ਕੇ ਵਧਦੀ ਅਬਾਦੀ ਦੇ ਭਿਆਨਕ ਸਿੱਟਿਆਂ ਤੋ ਲੋਕਾਂ ਨੂੰ ਜਾਣੂ ਕਰਵਾ ਕੇ ਪਰਿਵਾਰ ਨੂੰ ਸੀਮਤ ਰੱਖਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ।

ਅਜੇ ਵੀ ਸਮਾਂ ਹੈ ਇਸ ਸਮੱਸਿਆ ਤੇ ਕਾਬੂ ਪਾਇਆ ਜਾ ਸਕਦਾ ਹੈ ਤਾਂ ਹੀ ਸਭ ਨੂੰ ਘਰ, ਭੋਜਨ ਅਤੇ ਰੁਜ਼ਗਾਰ ਮਿਲ ਸਕੇਗਾ।

ਜਗਤਾਰ ਸਿੰਘ ਸੋਖੀ